# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਹੈਕਲ ਦੇ ਪ੍ਰਧਾਨਾਂ ਦੀ ਯਿਸੂ ਨਾਲ ਮੁਲਾਕਾਤ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : M. Maillot; Sarah S.



ਕਹਾਣੀ 41 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਜਦ ਇੱਕ ਦਿਨ ਯਿਸੂ ਹੈਕਲ ਵਿੱਚ ਗਿਆ, ਉਸਨੇ ਵੇਖਿਆ ਕੇ ਲੌਕ ਪਰਮੇਸ਼ਵਰ ਦੇ ਘਰ ਦਾ ਅਨਾਦਰ ਕਰ ਰਹੇ ਹਨ। ਉਹ ਮੰਦਰ ਵਿੱਚ ਧਨ ਬਦਲ ਰਹੇ ਸਨ ਅਤੇ ਜਾਨਵਰ ਵੇਚ ਰਹੇ ਸਨ!



1

ਰੱਸੀ ਦਾ ਕੋਹੜਾ ਬਣਾ ਕੇ, ਯਿਸੂ ਨੇ ਡੀਲਰਾਂ ਨੂੰ ਮੰਦਰ ਵਿੱਚੋਂ ਬਾਹਰ ਕੱਢ ਦਿੱਤਾ। “ਇਹਨਾਂ ਚੀਜਾਂ ਨੂੰ ਇਥੋਂ ਲੈ ਜਾਉ” ਉਸਨੇ ਹੁਕਮ ਦਿੱਤਾ। “ਮੇਰੇ ਪਿਤਾ ਦੇ ਘਰ ਨੂੰ ਡਾਕੂਆਂ ਦੀ ਖੋਹ ਨਾ ਬਣਾਉ।” ਯਿਸੂ ਆਪਣੇ ਪਿਤਾ ਦੇ ਘਰ ਨੂੰ ਪਿਆਰ ਕਰਦਾ ਸੀ।



2



ਪ੍ਰਧਾਨਾਂ ਨੇ ਨਿਸ਼ਾਨ ਦੀ ਮੰਗ ਕੀਤੀ ਕੇ ਯਿਸੂ ਕਿਸ ਅਧਿਕਾਰ ਨਾਲ ਮੰਦਰ ਨੂੰ ਸਾਫ਼ ਕਰਦਾ ਹੈ। "ਇਸ ਮੰਦਰ ਨੂੰ ਡਾਹ ਦਿਉ ਅਤੇ ਮੈ ਇਸ ਨੂੰ ਤਿੰਨ ਦਿਨਾਂ ਵਿੱਚ ਖੜਾ ਕਰ ਦਿਆਗਾਂ," ਯਿਸੂ ਨੇ ਉੱਤਰ ਦਿੱਤਾ। ਇਹ ਨਹੀ ਹੋ ਸਕਦਾ! ਮੰਦਰ ਨੂੰ ਬਣਾਉਣ ਲਈ ਛਿਆਲੀ ਸਾਲ (46) ਲੱਗੇ ਹਨ।

3

ਪਰ ਯਿਸੂ ਨੇ ਆਪਣੇ ਸਰੀਰ ਬਾਰੇ ਗੱਲ ਕੀਤੀ ਸੀ। ਮੰਦਰ ਦੇ ਵਾਂਗ, ਉਸਦੇ ਸਰੀਰ ਵਿੱਚ ਪਰਮੇਸ਼ਵਰ ਵੱਸਦਾ ਸੀ। ਭਾਂਵੇ ਯਿਸੂ ਸਲੀਬ ਉੱਤੇ ਮਰੇਗਾ ਪਰ ਉਹ ਜਾਣਦਾ ਸੀ ਕੀ ਪਰਮੇਸ਼ਵਰ ਉਸਨੂੰ ਤੀਸਰੇ ਦਿਨ ਮੁਰਦਿਆਂ ਵਿੱਚੋਂ ਫਿਰ ਜਿਵਾਲੇਗਾ।



4



ਰਾਤ ਦੇ ਵੇਲੇ, ਇੱਕ ਮੰਦਰ ਦਾ ਪ੍ਰਧਾਨ ਯਿਸੂ ਨੂੰ ਮਿਲਣ ਆਇਆ। ਉਹ ਚਮਤਕਾਰਾਂ ਦੇ ਦੁਆਰਾ ਜਾਣ ਗਿਆ ਕੀ ਯਿਸੂ ਪਰਮੇਸ਼ਵਰ ਦੁਆਰਾ ਭੇਜਿਆ ਗਿਆ ਹੈ। ਨਿਕੋਦੇਮਸ ਯਿਸੂ ਦੇ ਕੋਲ ਪਰਮੇਸ਼ਵਰ ਦੇ ਬਾਰੇ ਹੋਰ ਸਿੱਖਣ ਨੂੰ ਆਇਆ।

5



ਯਿਸੂ ਨੇ ਨਿਕੋਦੇਮਸ ਨੂੰ ਆਖਿਆ ਕੀ ਪਰਮੇਸ਼ਵਰ ਦੇ ਰਾਜ ਵਿੱਚ ਜਾਣ ਲਈ ਲੋਕਾਂ ਨੂੰ ਦੁਬਾਰਾ ਜਨਮ ਲੈਣਾ ਜਰੂਰੀ ਹੈ। ਨਿਕੋਦੇਮਸ ਨਹੀ ਸਮਝਿਆ ਸੀ। ਇੱਕ ਮਨੁੱਖ ਬੱਚਾ ਕਿਵੇਂ ਬਣ ਸਕਦਾ ਹੈ। ਇਲਾਵਾ ਇਸ ਦੇ ਉਹ ਧਰਮੀ ਸੀ। ਕੀ ਇੰਨਾ ਕਾਫੀ ਨਹੀ ਸੀ?

6



"ਜੋ ਕੋਈ ਆਤਮਾਂ ਦੁਆਰਾ ਜੰਮਿਆ ਉਹ ਆਤਮਾਂ ਦਾ ਹੈ," ਯਿਸੂ ਨੇ ਸਮਝਾਇਆ। "ਪਰਮੇਸ਼ਵਰ ਦਾ ਆਤਮਾਂ ਹਵਾ ਦੇ ਵਰਗਾ ਹੈ। ਲੋਕ ਹਵਾ ਨੂੰ ਨਾ ਵੇਖ ਸਕਦੇ ਅਤੇ ਨਾਂ ਹੀ ਸਮਝ ਸਕਦੇ ਹਨ। ਸਿਰਫ਼ ਦੇਖ ਸਕਦੇ ਹਨ ਕੇ ਹਵਾ ਕੀ ਕਰਦੀ ਹੈ।"

7



ਯਿਸੂ ਨੇ ਨਿਕੋਦੇਮਸ ਨੂੰ ਉਸਦੇ ਬਾਰੇ ਯਾਦ ਕਰਵਾਇਆ ਜਦ ਇਸਰਾਈਲੀ ਬੱਚੇ ਮੂਸਾ ਨੂੰ ਬਹੁਤ ਸਮੇ ਪਹਿਲਾਂ ਸ਼ਕਾਇਤਾਂ ਕਰਦੇ ਸੀ। "ਨਾ ਸਾਡੇ ਕੋਲ ਭੋਜਨ, ਨਾ ਪਾਣੀ, ਅਤੇ ਅਸੀ ਰੋਟੀ ਤੋਂ ਘਿਣ ਕਰਦੇ ਹਾਂ ਜਿਹੜੀ ਪਰਮੇਸ਼ਵਰ ਸਾਨੂੰ ਦੇਂਦਾ ਹੈ," ਉਹ ਚਿਲਾਏ।

8


ਲੋਕਾਂ ਦੇ ਪਾਪ ਨੇ ਪਰਮੇਸ਼ਵਰ
ਨੂੰ ਗੁੱਸਾ ਦਿਲਾਇਆ। ਉਸਨੇ ਉਹਨਾਂ
ਵਿੱਚ ਜ਼ਹਰੀਲੇ ਸੱਪਾਂ ਨੂੰ ਗੱਲਿਆ। ਸੱਪਾਂ
ਨੇ ਲੋਕਾਂ ਨੂੰ ਡੱਸਿਆ। ਬਹੁਤੇ ਮਰ ਗਏ।
9


“ਅਸੀ ਪਾਪ ਕੀਤਾ ਹੈ। ਪ੍ਰਾਥਨਾਂ ਕਰ
ਤਾਂ ਪਰਮੇਸ਼ਵਰ ਇਹਨਾਂ ਸੱਪਾਂ ਨੂੰ
ਇੱਥੋਂ ਲੈ ਜਾਵੇਗਾ,” ਲੋਕਾਂ ਨੇ ਭੀਖ
ਮੰਗੀ। ਤਾਂ ਮੂਸਾ ਨੇ ਲੋਕਾਂ ਲਈ
ਪ੍ਰਾਥਨਾਂ ਕੀਤੀ। ਪਰ ਪਰਮੇਸ਼ਵਰ
ਸੱਪਾਂ ਨੂੰ ਉੱਥੋਂ ਲੈਕੇ ਨਾ ਗਿਆ।
10


ਪਰਮੇਸ਼ਵਰ ਨੇ ਮੂਸਾ ਨੂੰ ਇੱਕ ਜ਼ਹਰੀਲਾ
ਸੱਪ ਬਣਾ ਕੇ ਖੰਭੇ ਉੱਤੇ ਟੰਗਣ ਲਈ
ਆਖਿਆ। “ਹਰ ਇੱਕ ਕੱਟਿਆ ਹੋਇਆ
ਬਚ ਜਾਵੇਗਾ ਜਦ ਉਹ ਉਸ ਖੰਭੇ ਤੇ ਲਟਕੇ
ਹੋਏ ਸੱਪ ਨੂੰ ਵੇਖੇਗਾ,” ਪਰਮੇਸ਼ਵਰ ਨੇ
ਵਾਇਦਾ ਕੀਤਾ। ਮੂਸਾ ਨੇ ਪਿੱਤਲ ਦਾ ਸੱਪ
ਬਣਾਇਆ ਅਤੇ ਜਿਹਨਾਂ ਨੇ ਉਸ ਵੱਲ
ਵੇਖਿਆ ਉਹ ਚੰਗੇ ਹੋ ਗਏ।
11


ਯਿਸੂ ਨੇ ਨਿਕੋਦੇਮਸ ਨੂੰ ਕਿਹਾ
ਇਹ ਜਰੂਰੀ ਹੈ ਕੀ ਮਨੁੱਖ
ਦਾ ਪੁੱਤਰ ਵੀ ਉੱਚੇ ਤੇ
ਚੜ੍ਹਾਇਆ ਜਾਵੇ ਉਸੇ
ਤ੍ਰਾਂ ਜਿਵੇਂ ਤਾਂਬੇ
ਦਾ ਸੱਪ।
12


ਯਿਸੂ ਨੇ ਸਲੀਬ ਦੇ
ਬਾਰੇ ਬੋਲਿਆ ਜਿੱਥੇ
ਉਹ ਪਾਪੀਆਂ ਦੇ
ਲਈ ਮਰੇਗਾ।
13


ਯਿਸੂ ਨੇ ਆਖਿਆ,
“ਪਰਮੇਸ਼ਵਰ ਨੇ ਜਗਤ ਨਾਲ
ਇੰਨਾ ਪਿਆਰ ਕੀਤਾ
ਕੀ ਉਸਨੇ ਆਪਣਾ
ਇਕਲੌਤਾ ਪੁੱਤਰ
ਬਖ਼ਸ਼ ਦਿੱਤਾ, ...
14













ਹੈਕਲ ਦੇ ਪ੍ਰਧਾਨਾਂ ਦੀ ਯਿਸੂ ਨਾਲ ਮੁਲਾਕਾਤ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਹੂਨਾ ਦੀ ਇੰਜੀਲ 2 – 3, ਗਿਣਤੀ ਦੀ ਕਿਤਾਬ 21

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।